Australian Government
Department of Education, Skills and Employment

# ਥੋੜ੍ਹੇ ਸਮੇਂ ਦੇ ਛੋਟੇ ਔਨਲਾਈਨ ਕੋਰਸ

ਆਸਟ੍ਰੇਲੀਆ ਦੀ ਸਰਕਾਰ ਦੇ ਉੱਚ ਸਿੱਖਿਆ ਰਾਹਤ ਪੈਕੇਜ ਵਿੱਚ ਉਹਨਾਂ ਕਾਮਿਆਂ ਲਈ ਥੋੜ੍ਹੇ ਸਮੇਂ ਦੇ ਛੋਟੇ ਔਨਲਾਈਨ ਕੋਰਸ ਹਨ ਜੋ COVID-19 ਦੁਆਰਾ ਪ੍ਰਭਾਵਿਤ ਹੋਏ ਹਨ।

ਕੋਰਸ ਨਰਸਿੰਗ, ਵਿਦਿਆਰਥੀਆਂ ਨੂੰ ਪੜ੍ਹਾਉਣ, ਸਿਹਤ, ਆਈ ਟੀ ਅਤੇ ਸਾਇੰਸ ਵਿੱਚ ਉਪਲਬਧ ਹਨ। ਵਿਦਿਆਰਥੀਆਂ ਲਈ ਕੋਰਸਾਂ ਦੀਆਂ ਕੀਮਤਾਂ ਵਿੱਚ ਬਹੁਤ ਜ਼ਿਆਦਾ ਕਟੌਤੀ ਕੀਤੀ ਗਈ ਹੈ ਅਤੇ ਜੋ ਯੋਗ ਹਨ ਉਹਨਾਂ ਦੇ ਭੁਗਤਾਨ HECS-HELP ਦੇ ਰਾਹੀਂ ਅਗਾਂਹ ਕੀਤੇ ਜਾ ਸਕਦੇ ਹਨ।

ਇਹ ਕੋਰਸ ਛੇ ਮਹੀਨਿਆਂ ਤੱਕ ਚੱਲਣਗੇ ਅਤੇ COVID-19 ਦੇ ਬਾਅਦ ਨਵੀਂ ਆਰਥਿਕਤਾ ਵਾਸਤੇ ਤਿਆਰ ਹੋਣ ਲਈ ਕਾਮਿਆਂ ਨੂੰ ਨਵੇਂ ਹੁਨਰ ਵਿਕਸਤ ਕਰਨ ਵਿੱਚ ਸਹਾਇਤਾ ਕਰਨਗੇ। ਥੋੜ੍ਹੇ ਸਮੇਂ ਦੇ ਛੋਟੇ ਕੋਰਸਾਂ ਅਤੇ ਘੱਟ ਕੀਤੀ ਹੋਈ ਫੀਸ ਵਾਸਤੇ www.CourseSeeker.edu.au ਉੱਤੇ ਜਾਓ ਜਾਂ ਵਧੇਰੇ ਜਾਣਕਾਰੀ ਲਈ CourseSeeker ਵੈਬਸਾਈਟ ਦੇ Resources page ਨੂੰ ਵੇਖੋ।